USDA Farm Service Agency
U.S. DEPARTMENT OF AGRICULTURE

# ਐਮਰਜੈਂਸੀ ਰਾਹਤ ਪ੍ਰੋਗਰਾਮ (ERP)

## ਵਪਾਰਕ-ਵਸਤਾਂ ਅਤੇ ਖ਼ਾਸ ਫਸਲ ਦੇ ਕਾਸ਼ਤਕਾਰਾਂ ਲਈ ਤਬਾਹੀ ਨਾਲ ਹੋਏ ਨੁਕਸਾਨ ਸਬੰਧੀ ਮਦਦ



### ਪਿਛੋਕੜ

ਪ੍ਰੈਜ਼ੀਡੈਂਟ ਬਾਈਡਨ ਨੇ 30 ਸਿਤੰਬਰ, 2021 ਨੂੰ ਕਾਨੂੰਨ ਵਿੱਚ ਸਰਕਾਰੀ ਰਕਮਾਂ ਵਧਾਉਣ ਅਤੇ ਐਮਰਜੈਂਸੀ ਸਹਾਇਤਾ ਦੇਣ ਬਾਰੇ ਕਾਨੂੰਨ (P.L. 117-43) 'ਤੇ ਦਸਤਖ਼ਤ ਕੀਤੇ ਸਨ, ਜਿਸ ਵਿੱਚ ਜੰਗਲੀ ਅੱਗ, ਔੜ, ਤੂਫ਼ਾਨਾਂ, ਸਰਦੀਆਂ ਵਿੱਚ ਆਉਣ ਵਾਲ਼ੇ ਤੂਫ਼ਾਨਾਂ ਅਤੇ ਕੈਲੰਡਰ ਸਾਲ 2020 ਅਤੇ 2021 ਦੌਰਾਨ ਹੋਰ ਢੁਕਵੀਆਂ ਤਬਾਹੀਆਂ ਦਾ ਸਾਹਮਣਾ ਕੀਤਾ ਸੀ, ਇਸ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਖੇਤੀਬਾੜੀ ਦੇ ਕਾਸ਼ਤਕਾਰਾਂ 'ਤੇ ਪਏ ਅਸਰ ਕਰਕੇ ਉਹਨਾਂ ਦੀ ਮਦਦ ਕਰਨ ਲਈ $10 ਅਰਬ ਦੀ ਰਕਮ ਸ਼ਾਮਿਲ ਕੀਤੀ ਗਈ ਹੈ। ਖੇਤੀਬਾੜੀ ਸਰਵਿਸ ਏਜੰਸੀ (FSA) ਨੇ ਵੀ **ਪਸ਼ੂਆਂ ਸਬੰਧੀ ਐਮਰਜੈਂਸੀ ਰਾਹਤ ਪ੍ਰੋਗਰਾਮ (ELRP)** ਦੇ ਪਹਿਲੇ ਪੜਾਅ ਰਾਹੀਂ ਔੜ ਅਤੇ ਜੰਗਲੀ ਅੱਗ ਕਰਕੇ ਅਸਰ ਹੇਠ ਆਏ ਰੈਂਚਰਾਂ ਨੂੰ ਵੀ ਭੁਗਤਾਨ ਕੀਤੇ ਹਨ। ERP, ਕਾਨੂੰਨੀਰਾਹਤ ਦਾ ਇੱਕ ਹੋਰ ਹਿੱਸਾ ਹੈ।

### ਸਾਰ

ਕੈਲੰਡਰ ਸਾਲ 2020 ਅਤੇ 2021 ਵਿੱਚ ਢੁਕਵੀਂ ਕੁਦਰਤੀ ਤਬਾਹੀ ਦੀ ਘਟਨਾ ਕਰਕੇ ERP ਨੇ ਫਸਲਾਂ, ਦਰਖ਼ਤਾਂ, ਝਾੜੀਆਂ ਅਤੇ ਅੰਗੂਰ ਦੀ ਫਸਲ ਨੂੰ ਪਹੁੰਚੇ ਨੁਕਸਾਨ ਨੂੰ ਵੀ ਆਪਣੇ ਘੇਰੇ ਹੇਠ ਲਿਆਂਦਾ ਹੈ।

ਅਸਰ ਹੇਠਲੇ ਕਾਸ਼ਤਕਾਰਾਂ ਲਈ, FSA ਹੇਠਾਂ ਦਿੱਤੇ ਦੋ-ਪੜਾਵੀ ਅਮਲ ਰਾਹੀਂ ਕਤਾਰ ਵਿੱਚ ਲਾਈ ਜਾਣ ਵਾਲ਼ੀ ਫਸਲ ਅਤੇ ਖ਼ਾਸ ਫਸਲ ਦੇ ਕਾਸ਼ਤਕਾਰਾਂ ਲਈ ਐਮਰਜੈਂਸੀ ਰਾਹਤ ਦਾ ਪ੍ਰਬੰਧ ਕਰੇਗਾ:

- ਪੜਾਅ 1 ਸ਼ੁਰੂਆਤੀ ਭੁਗਤਾਨਾਂ ਦਾ ਹਿਸਾਬ ਲਾਉਣ ਲਈ ਅਧਾਰ ਵਜੋਂ ਮੌਜੂਦਾ **ਫ਼ੈਡਰਲ ਫਸਲ ਬੀਮਾ ਜਾਂ ਬਿਨਾ ਬੀਮੇ ਵਾਲ਼ੀ ਫਸਲ ਲਈ ਕੁਦਰਤੀ ਤਬਾਹੀ ਬਾਰੇ ਸਹਾਇਤਾ ਪ੍ਰੋਗਰਾਮ (NAP)** ਦੇ ਡਾਟਾ ਨੂੰ ਕੰਟਰੋਲ ਕਰੇਗਾ।
- ਪੜਾਅ 2 ਦਾ ਉਦੇਸ਼ ਵਾਧੂ ਸਹਾਇਤਾ ਖੱਪਿਆਂ ਨੂੰ ਭਰਨਾ ਅਤੇ ਯੋਗ ਕਾਸ਼ਤਕਾਰਾਂ ਨੂੰ ਇਸਦੇ ਘੇਰੇ ਹੇਠ ਲਿਆਉਣਾ ਹੋਏਗਾ, ਜਿਹਨਾਂ ਨੇ ਜੋਖਮ ਦਾ ਪ੍ਰਬੰਧ ਕਰਨ ਵਾਲ਼ੇ ਮੌਜੂਦਾ ਪ੍ਰੋਗਰਾਮਾਂ ਵਿੱਚ ਹਿੱਸਾ ਨਹੀਂ ਲਿਆ।

ਇਹ ਦੋ-ਪੜਾਵੀ ਨਜ਼ਰੀਆ, USDA ਨੂੰ ਕਾਸ਼ਤਕਾਰਾਂ 'ਤੇ ਭਾਰ ਘਟਾਉਣ ਦੇ ਅਰਜ਼ੀ ਸਬੰਧੀ ਅਮਲ ਨੂੰ ਤਰਤੀਬਬੱਧ ਕਰਨ, ਵਿਹਾਰਕ ਤੌਰ 'ਤੇ ਸੇਵਾ ਨਾ ਲੈਣ ਵਾਲੇ ਉਹਨਾਂ ਕਾਸ਼ਤਕਾਰਾਂ ਨੂੰ ਸ਼ਾਮਿਲ ਕਰਨ ਦੇ ਸਮਰੱਥ ਬਣਾਉਂਦਾ ਹੈ, ਜੋ ਪਿਛਲੀਆਂ ਰਾਹਤ ਕੋਸ਼ਿਸ਼ਾਂ ਦਾ ਲਾਭ ਲੈਣ ਤੋਂ ਰਹਿ ਗਏ ਸਨ ਅਤੇ ਜੋਖਮ ਦਾ ਪ੍ਰਬੰਧ ਕਰਨ ਵਾਲ਼ੇ ਮੌਜੂਦਾ ਸਾਧਨਾਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕਰਦਾ ਹੈ, ਜਿਹਨਾਂ ਨਾਲ ਕਾਸ਼ਤਕਾਰਾਂ ਨੂੰ ਭਵਿੱਖ ਦੀਆਂ ਅਤਿ ਦੀਆਂ ਮੌਸਮੀ ਘਟਨਾਵਾਂ ਨਾਲ ਨਜਿੱਠਣ ਵਿੱਚ ਮਦਦ ਮਿਲ ਸਕਦੀ ਹੈ।

### ਯੋਗਤਾ - ਪੜਾਅ 1

ਢੁਕਵੀਆਂ ਫਸਲਾਂ ਵਿੱਚ ਉਹ ਸਾਰੀਆਂ ਫਸਲਾਂ ਸ਼ਾਮਿਲ ਹਨ, ਜਿਹਨਾਂ ਲਈ ਫ਼ੈਡਰਲ ਫਸਲ ਬੀਮਾ ਜਾਂ NAP ਕਵਰੇਜ ਉਪਲਬਧ ਸੀ ਅਤੇ ਚਰਾਈ ਵਾਲ਼ੀਆਂ ਫਸਲਾਂ ਨੂੰ ਛੱਡਕੇ, ਫਸਲ ਬੀਮੇ ਦਾ ਮੁਆਵਜ਼ਾ ਜਾਂ NAP ਭੁਗਤਾਨ ਮਿਲਿਆ ਸੀ। ਢੁਕਵੀਂ ਕੁਦਰਤੀ ਤਬਾਹੀ ਦੀਆਂ ਘਟਨਾਵਾਂ ਵਿੱਚ ਜੰਗਲਾਂ ਵਿੱਚ ਲੱਗਣ ਵਾਲ਼ੀ ਅੱਗ, ਤੂਫ਼ਾਨ, ਹੜ੍ਹ, ਡੇਰੇਚੋ (ਬਹੁਤ ਵੱਡੇ ਇਲਾਕੇ ਵਿੱਚ ਤਬਾਹੀ ਮਚਾਉਣ ਵਾਲ਼ੇ ਤੂਫ਼ਾਨ), ਅਤਿ ਦੀ ਗਰਮੀ, ਸਰਦੀਆਂ ਵਿੱਚ ਆਉਣ ਵਾਲ਼ੇ ਤੂਫ਼ਾਨ, ਬਰਫ਼ ਜੰਮਣੀ (ਧਰੁਵੀ ਵਾਵਰੋਲਿਆਂ ਸਮੇਤ), ਧੂਏਂ ਦੇ ਸੰਪਰਕ ਵਿੱਚ ਆਉਣ, ਅਤਿ ਦੀ ਨਮੀ, ਢੁਕਵੀਂ ਔੜ ਅਤੇ ਸਬੰਧਿਤ ਸਥਿਤੀਆਂ ਸ਼ਾਮਿਲ ਹਨ।

ERP ਯੋਗਤਾ ਲਈ "ਸਬੰਧਿਤ ਸਥਿਤੀਆਂ" ਨੁਕਸਾਨ ਪੁਚਾਉਣ ਵਾਲਾ ਮੌਸਮ ਅਤੇ ਮਾੜੀਆਂ ਕੁਦਰਤੀ ਘਟਨਾਵਾਂ, ਜੋ ਨਾਲੋਂ ਨਾਲ ਅਤੇ ਤਬਾਹੀ ਦੀ ਵਿਸ਼ੇਸ਼ ਢੁਕਵੀਂ ਘਟਨਾ ਦੇ ਸਿੱਧੇ ਨਤੀਜੇ ਵਜੋਂ ਵਾਪਰਦੀਆਂ ਹਨ। ਉਹਨਾਂ ਵਿੱਚ ਸ਼ਾਮਿਲ ਹਨ:

- ਡੇਰੇਚੋ ਕਰਕੇ ਬਹੁਤ ਤੇਜ਼ ਹਵਾ ਚੱਲਦੀ ਹੈ;
- ਹੜ੍ਹ ਆਉਣ ਕਰਕੇ ਗਾਰ ਅਤੇ ਮਲਬਾ ਇਕੱਠਾ ਹੁੰਦਾ ਹੈ;
- ਤੂਫ਼ਾਨ ਕਰਕੇ ਬਹੁਤ ਤੇਜ਼ ਹਵਾ, ਤੂਫ਼ਾਨੀ ਲਹਿਰਾਂ, ਉੱਤਰੀ ਅਮਰੀਕਾ ਵਿਚ ਝੱਖੜ ਆਉਂਦੇ ਹਨ ਅਤੇ ਤੂਫ਼ਾਨ ਨਾਲ ਵਾਵਰੋਲੇ ਬਣਦੇ ਹਨ; ਅਤੇ
- ਸਰਦੀਆਂ ਵਿੱਚ ਆਉਣ ਵਾਲ਼ੇ ਤੂਫ਼ਾਨ ਕਰਕੇ ਬਹੁਤ ਤੇਜ਼ ਹਵਾ ਅਤੇ ਬਰਫ਼ੀਲੇ ਤੂਫ਼ਾਨ ਆਉਂਦੇ ਹਨ।

ਔੜ ਲਈ ERP ਸਹਾਇਤਾ ਉਪਲਬਧ ਹੈ, ਜੇ ਕਾਉਂਟੀ ਦੇ ਅੰਦਰ ਕਿਸੇ ਵੀ ਇਲਾਕੇ ਵਿੱਚ ਨੁਕਸਾਨ ਹੋਇਆ ਹੈ, ਤਾਂ ਇਸ ਬਾਰੇ ਅਮਰੀਕਾ ਦੀ ਔੜ ਸਬੰਧੀ ਨਿਗਰਾਨੀ (U.S. Drought Monitor) ਵਲੋਂ ਹੇਠਾਂ ਦਿੱਤੇ ਅਨੁਸਾਰ ਔੜ ਦੀ ਤੀਬਰਤਾ ਦਾ ਦਰਜਾ ਦਿੱਤਾ ਗਿਆ ਹੈ:

- ਲਗਾਤਾਰ ਅੱਠ ਹਫ਼ਤਿਆਂ ਤੱਕ D2 (ਗੰਭੀਰ ਔੜ); ਜਾਂ
- D3 (ਅਤਿ ਦੀ ਔੜ) ਜਾਂ ਔੜ ਦੀ ਤੀਬਰਤਾ ਦਾ ਉੱਚਾ ਪੱਧਰ।

ਜਿਹੜੀਆਂ ਕਾਉਂਟੀਆਂ ਵਿੱਚ 2020 ਅਤੇ 2021 ਵਿੱਚ ਔੜ ਆਏ ਸੀ, ਉਹਨਾਂ ਲੋਕਾਂ ਦੀ ਸੂਚੀ ਦਿੱਤੀ ਗਈ ਹੈ, **ਜੋ ਐਮਰਜੈਂਸੀ ਰਾਹਤ ਵੈਬਸਾਈਟ** 'ਤੇ ਉਪਲਬਧ ERP ਲੈਣ ਦੇ ਹੱਕਦਾਰ ਹਨ।

### ਹੋਰ ਜਾਣਕਾਰੀ ਲਈ

farmers.gov 'ਤੇ USDA ਦੀ ਤਬਾਹੀ ਬਾਰੇ ਵਾਧੂ ਸਹਾਇਤਾ, **ਤਬਾਹੀ ਬਾਰੇ ਸਹਾਇਤਾ ਡਿਸਕਵਰੀ ਟੂਲ**, **ਤਬਾਹੀ 'ਤੇ ਇੱਕ ਨਜ਼ਰ**, **ਤੱਥ-ਸ਼ੀਟ** ਅਤੇ **ਖੇਤ, ਕਰਜ਼ਾ ਡਿਸਕਵਰੀ ਟੂਲ** ਬਾਰੇ ਜਾਣਕਾਰੀ ਮਿਲ ਸਕਦੀ ਹੈ।

FSA ਅਤੇ ਕੁਦਰਤੀ ਸ੍ਰੋਤਾਂ ਦੀ ਸਾਂਭ-ਸੰਭਾਲ ਸੇਵਾ ਸਬੰਧੀ ਪ੍ਰੋਗਰਾਮਾਂ ਲਈ ਕਾਸ਼ਤਕਾਰਾਂ ਨੂੰ ਆਪਣੇ ਸਥਾਨਕ **USDA ਸਰਵਿਸ ਸੈਂਟਰ** ਨਾਲ ਸੰਪਰਕ ਕਰਨਾ ਚਾਹੀਦਾ ਹੈ।
ਫਸਲ ਬੀਮੇ ਦੇ ਦਾਅਵੇ ਲਈ ਮਦਦ ਵਾਸਤੇ ਕਾਸ਼ਤਕਾਰਾਂ ਅਤੇ ਜ਼ਮੀਨ ਦੇ ਮਾਲਕਾਂ ਨੂੰ ਆਪਣੇ **ਫਸਲ ਬੀਮਾ ਏਜੰਟ** ਨਾਲ ਸੰਪਰਕ ਕਰਨਾ ਚਾਹੀਦਾ ਹੈ।



## ਅਪਲਾਈ ਕਿਵੇਂ ਕਰੋ - ਪੜਾਅ 1

ERP ਪੜਾਅ 1 ਲਾਭ ਦਿੱਤੇ ਜਾਣ ਨੂੰ ਅਸਾਨ ਬਣਾਉਣ ਲਈ; FSA, ਫਸਲ ਦੇ ਬੀਮੇ ਵਾਲੇ ਕਾਸ਼ਤਕਾਰਾਂ ਨੂੰ ਪਹਿਲਾਂ ਤੋਂ ਭਰੇ ਹੋਏ ਅਰਜ਼ੀ ਫ਼ਾਰਮ ਭੇਜੇਗੀ ਅਤੇ ਉਹਨਾਂ ਦੀ ਫ਼ਾਈਲ 'ਤੇ ਪਹਿਲਾਂ ਤੋਂ ਹੀ NAP ਡਾਟਾ ਹੁੰਦਾ ਹੈ, ਕਿਉਂਕਿ ਉਹਨਾਂ ਨੂੰ ਫਸਲ ਬੀਮੇ ਦਾ ਮੁਆਵਜ਼ਾ ਜਾਂ NAP ਭੁਗਤਾਨ ਮਿਲਿਆ ਸੀ। ਇਸ ਫ਼ਾਰਮ 'ਤੇ ਯੋਗਤਾ ਦੀਆਂ ਸ਼ਰਤਾਂ, ਅਰਜ਼ੀ ਦੇ ਅਮਲ ਸਬੰਧੀ ਖ਼ਾਕਾ ਅਤੇ ਮੁਹੱਈਆ ਕਰਾਏ ਜਾਣ ਵਾਲੇ ERP ਭੁਗਤਾਨ ਬਾਰੇ ਜਾਣਕਾਰੀ ਦਿੱਤੀ ਗਈ ਹੈ। ਹਰ ਪ੍ਰੋਗਰਾਮ ਸਾਲ ਲਈ ਕਾਸ਼ਤਕਾਰਾਂ ਨੂੰ ਇੱਕ ਵੱਖਰਾ ਅਰਜ਼ੀ ਫ਼ਾਰਮ ਮਿਲੇਗਾ। ਪਹਿਲਾਂ ਤੋਂ ਭਰੀ ਹੋਈ ਅਰਜ਼ੀ ਦੀ ਪ੍ਰਾਪਤੀ ਇਸ ਗੱਲ ਦੀ ਪੁਸ਼ਟੀ ਨਹੀਂ ਹੈ ਕਿ ਕਾਸ਼ਤਕਾਰ ERP ਪੜਾਅ 1 ਦਾ ਭੁਗਤਾਨ ਲੈਣ ਦਾ ਹੱਕਦਾਰ ਹੈ। ਕਾਸ਼ਤਕਾਰਾਂ ਨੂੰ ਭਰੀਆਂ ਹੋਈਆਂ ਅਤੇ ਦਸਤਖ਼ਤ ਕੀਤੀਆਂ ਹੋਈਆਂ ERP ਪੜਾਅ 1 ਦੀਆਂ ਅਰਜ਼ੀਆਂ ਆਪਣੀ ਸਥਾਨਕ FSA ਕਾਉਂਟੀ ਦੇ ਦਫ਼ਤਰ ਵਿੱਚ ਭੇਜਣੀਆਂ ਪੈਣਗੀਆਂ।

ਖੇਤਾਂ ਸਬੰਧੀ ਪ੍ਰੋਗਰਾਮਾਂ ਲਈ ਉਪ-ਪ੍ਰਸ਼ਾਸਕ ਵਲੋਂ ਤੈਅ ਕੀਤੀ ਗਈ ਅੰਤਿਮ ਤਾਰੀਖ਼ ਦੇ ਅੰਦਰ FSA ਵਾਲ਼ੀ ਫ਼ਾਈਲ ਵਿੱਚ ਕਾਸ਼ਤਕਾਰਾਂ ਦੇ ਹੇਠਾਂ ਦਿੱਤੇ ਫ਼ਾਰਮ ਵੀ ਹੋਣੇ ਚਾਹੀਦੇ ਹਨ:

- ਫ਼ਾਰਮ AD-2047, ਗਾਹਕ ਦੇ ਡਾਟਾ ਬਾਰੇ ਵਰਕਸ਼ੀਟ
- ਫ਼ਾਰਮ CCC-902, ਨਿਜੀ ਜਾਂ ਕਾਨੂੰਨੀ ਯੂਨਿਟ ਲਈ ਖੇਤਾਂ ਦਾ ਪ੍ਰਬੰਧ ਕਰਨ ਬਾਰੇ ਪਲਾਨ
- ਫ਼ਾਰਮ CCC-901, ਕਾਨੂੰਨੀ ਯੂਨਿਟਾਂ ਲਈ ਮੈਂਬਰ ਸਬੰਧੀ ਜਾਣਕਾਰੀ (ਜੇ ਲਾਗੂ ਹੈ)
- ਬਹੁਤ ਜ਼ਿਆਦਾ ਖੁਰਣ ਵਾਲ਼ੀ ਜ਼ਮੀਨ ਦੀ ਸਾਂਭ-ਸੰਭਾਲ (ਕਦੀ-ਕਦਾਈਂ HELC ਵੀ ਕਿਹਾ ਜਾਂਦਾ ਹੈ) ਅਤੇ ਸੇਮ ਵਾਲ਼ੀ ਜ਼ਮੀਨ ਦੀ ਸਾਂਭ-ਸੰਭਾਲ ਬਾਰੇ ਸਰਟੀਫ਼ਿਕੇਸ਼ਨ, ERP ਕਾਸ਼ਤਕਾਰ ਅਤੇ ਢੁਕਵੇਂ ਸਹਿਯੋਗੀਆਂ ਲਈ (ਫ਼ਾਰਮ AD-1026 ਬਹੁਤ ਜ਼ਿਆਦਾ ਖੁਰਣ ਵਾਲ਼ੀ ਜ਼ਮੀਨ ਦੀ ਸਾਂਭ-ਸੰਭਾਲ (HELC) ਅਤੇ ਸੇਮ ਵਾਲ਼ੀ ਜ਼ਮੀਨ ਦੀ ਸਾਂਭ-ਸੰਭਾਲ (WC) ਬਾਰੇ ਸਰਟੀਫ਼ਿਕੇਸ਼ਨ)।

ਬਹੁਤੇ ਕਾਸ਼ਤਕਾਰਾਂ ਤੋਂ, ਖ਼ਾਸ ਤੌਰ 'ਤੇ ਜਿਹਨਾਂ ਨੇ ਪਹਿਲਾਂ FSA ਪ੍ਰੋਗਰਾਮਾਂ ਵਿੱਚ ਹਿੱਸਾ ਲਿਆ ਸੀ, ਦੀਆਂ ਫ਼ਾਈਲਾਂ ਵਿੱਚ ਇਹ ਲੋੜੀਂਦੇ ਫ਼ਾਰਮ ਹੋਣ ਦੀ ਉਮੀਦ ਕੀਤੀ ਜਾਏਗੀ। ਹਾਲਾਂਕਿ, ਜਿਹਨਾਂ ਨੂੰ ਪੱਕਾ ਨਹੀਂ ਹੈ ਜਾਂ ਪੁਸ਼ਟੀ ਕਰਨਾ ਚਾਹੁੰਦੇ ਹਨ, ਉਹਨਾਂ ਨੂੰ ਆਪਣੀ **ਸਥਾਨਕ FSA ਕਾਉਂਟੀ ਦੇ ਦਫ਼ਤਰ** ਨਾਲ ਸੰਪਰਕ ਕਰਨਾ ਚਾਹੀਦਾ ਹੈ।

ਉੱਪਰ ਦਿੱਤੇ ਗਏ ਫ਼ਾਰਮਾਂ ਤੋਂ ਅਲਾਵਾ ਕੁਝ ਕਾਸ਼ਤਕਾਰਾਂ ਨੂੰ ਵਧੀ ਹੋਈ ਭੁਗਤਾਨ ਦੀ ਹੱਦ ਜਾਂ ਭੁਗਤਾਨ ਦੀ ਦਰ ਲਈ ਹੱਕਦਾਰ ਹੋਣ ਵਾਸਤੇ ਹੇਠਾਂ ਦਿੱਤੇ ਫ਼ਾਰਮ ਵੀ ਜਮ੍ਹਾ ਕਰਾਉਣੇ ਪੈਣਗੇ।

- ਫ਼ਾਰਮ FSA-510, ਕੁਝ ਪ੍ਰੋਗਰਾਮਾਂ ਲਈ $125,000 ਭੁਗਤਾਨ ਦੀ ਹੱਦ ਤੋਂ ਛੋਟ ਲਈ ਬੇਨਤੀ ਕਰਨਾ।
- ਫ਼ਾਰਮ CCC-860, ਢੁਕਵੇਂ ਪ੍ਰੋਗਰਾਮ ਸਾਲ ਲਈ ਸਮਾਜਕ ਤੌਰ 'ਤੇ ਪੱਛੜੇ, ਸੀਮਤ ਸ੍ਰੋਤ, ਮੂਲ ਜਾਂ ਤਜਰਬਾਕਾਰ ਕਿਸਾਨ ਜਾਂ ਰੈਂਚਰ ਦੀ ਸਰਟੀਫ਼ਿਕੇਸ਼ਨ।

## ਭੁਗਤਾਨਾਂ ਦਾ ਹਿਸਾਬ ਕਿਵੇਂ ਲਾਇਆ ਜਾਂਦਾ ਹੈ - ਪੜਾਅ 1

ਇਹ ਯਕੀਨੀ ਬਣਾਉਣ ਲਈ ਕਿ ERP ਦੇ ਕੁੱਲ ਭੁਗਤਾਨ, ਫਸਲ ਬੀਮੇ ਰਾਹੀਂ ਘੇਰੇ ਹੇਠਲੀਆਂ ਫਸਲਾਂ ਲਈ ERP ਪੜਾਅ 1 ਦੇ ਭੁਗਤਾਨ 75 ਫ਼ੀਸਦ ਦੇ ਅਨੁਪਾਤ ਨਾਲ ਦਿੱਤੇ ਜਾਣਗੇ, ਇਸ ਵਿੱਚ ERP ਪੜਾਅ 2 ਹੇਠ ਭੁਗਤਾਨ ਸ਼ਾਮਿਲ ਹੁੰਦੇ ਹਨ, ਜੋ ਉਪਲਬਧ ਰਕਮਾਂ ਤੋਂ ਵੱਧ ਨਹੀਂ ਹੁੰਦੇ। ਬਹੁਤ ਛੋਟੇ NAP ਪੋਰਟਫ਼ੋਲੀਓ ਕਰਕੇ NAP ਦੇ ਘੇਰੇ ਹੇਠਲੀਆਂ ਫਸਲਾਂ ਲਈ ERP ਪੜਾਅ 1 ਦੇ ਭੁਗਤਾਨ ਅਨੁਪਾਤ ਦੇ ਹਿਸਾਬ ਨਾਲ ਨਹੀਂ ਕੀਤੇ ਜਾਣਗੇ, ਕਿਉਂਕਿ ਇਸਦੇ ਘੇਰੇ ਹੇਠ ਸਿਰਫ਼ ਬਹੁਤ ਛੋਟੀਆਂ ਪੈਲ਼ੀਆਂ ਅਤੇ ਖ਼ਾਸ ਫਸਲਾਂ ਆਉਂਦੀਆਂ ਹਨ, ਜੋ ਫਸਲ ਬੀਮੇ ਦੇ ਘੇਰੇ ਹੇਠ ਨਹੀਂ ਆਉਂਦੀਆਂ।

RMA ਅਤੇ FSA ਹਿਸਾਬ ਲਾਉਣ ਦੇ ਸਮੇਂ 'ਤੇ ਏਜੰਸੀਆਂ ਵਾਲ਼ੀ ਫ਼ਾਈਲ ਵਿੱਚ ਦਿੱਤੇ ਗਏ ਡਾਟਾ ਦੇ ਅਧਾਰ 'ਤੇ ERP ਪੜਾਅ 1 ਦੇ ਭੁਗਤਾਨਾਂ ਦਾ ਹਿਸਾਬ ਲਾਏਗੀ।



ਫਸਲ ਅਤੇ ਯੂਨਿਟ ਲਈ ERP ਪੜਾਅ 1 ਦੇ ਭੁਗਤਾਨ ਲਈ ਹਿਸਾਬ ਕਾਸ਼ਤਕਾਰ ਵਲੋਂ ਪ੍ਰਾਪਤ ਕੀਤੀ ਗਈ ਕਵਰੇਜ ਦੀ ਕਿਸਮ ਅਤੇ ਪੱਧਰ 'ਤੇ ਨਿਰਭਰ ਕਰੇਗੀ। RMA ਅਤੇ FSA ਖ਼ਰੀਦੀ ਗਈ ਕਵਰੇਜ ਦੀ ਕਿਸਮ ਲਈ ਨੁਕਸਾਨ ਦੇ ਅਮਲਾਂ ਅਨੁਸਾਰ ਹਰ ਇੱਕ ਕਾਸ਼ਤਕਾਰ ਦੇ ਨੁਕਸਾਨ ਦਾ ਹਿਸਾਬ ਕਵਰੇਜ ਦੀ ਪੱਧਰ ਦੀ ਥਾਂ ERP ਕਾਰਕ ਦੀ ਵਰਤੋਂ ਕਰਦਿਆਂ ਲਾਏਗਾ। ਫਿਰ ਇਸ ਹਿਸਾਬ ਨਾਲ ਰਕਮ ਨੂੰ ਕੁੱਲ ਬੀਮਾ ਫਸਲ ਦੇ ਮੁਆਵਜ਼ੇ ਜਾਂ NAP ਭੁਗਤਾਨ ਨੂੰ ਘਟਾਕੇ ਤਾਲਮੇਲ ਬਿਠਾਇਆ ਜਾਏਗਾ, ਜੋ ਕਿ ਕਾਸ਼ਤਕਾਰ ਦੀ ਕੁੱਲ ਬੀਮਾ ਫਸਲ ਦੇ ਮੁਆਵਜ਼ੇ ਜਾਂ ਸਰਵਿਸ ਲਾਗਤਾਂ ਅਤੇ ਪ੍ਰੀਮੀਅਮ ਘਟਾਕੇ ਹੋਏ ਨੁਕਸਾਨ ਲਈ ਪਹਿਲਾਂ ਹੀ ਪ੍ਰਾਪਤ ਕੀਤੇ ਗਏ NAP ਭੁਗਤਾਨ ਦੇ ਬਰਾਬਰ ਹੈ।

## ERP ਕਾਰਕ ਦੇ ਚਾਰਟ

ERP ਕਾਰਕ ਦੇ ਚਾਰਟ ਹੇਠਾਂ ਜਾਂ **ਐਮਰਜੈਂਸੀ ਰਾਹਤ ਵੈਬਸਾਈਟ** 'ਤੇ ਮਿਲ ਸਕਦੇ ਹਨ:

| ਫਸਲ ਦੇ ਬੀਮੇ ਦਾ ਪੱਧਰ | ERP ਕਾਰਕ (ਫ਼ੀਸਦ) |
|---|---|
| ਉਥਲ-ਪੁਥਲਕਾਰੀ ਕਵਰੇਜ | 75 |
| ਉਥਲ-ਪੁਥਲਕਾਰੀ ਕਵਰੇਜ ਨਾਲੋਂ ਵੱਧ, ਪਰ 55 ਫ਼ੀਸਦ ਤੋਂ ਘੱਟ | 80 |
| ਘੱਟੋ-ਘੱਟ 55 ਫ਼ੀਸਦ ਪਰ 60 ਫ਼ੀਸਦ ਤੋਂ ਘੱਟ | 82.5 |
| ਘੱਟੋ-ਘੱਟ 60 ਫ਼ੀਸਦ ਪਰ 65 ਫ਼ੀਸਦ ਤੋਂ ਘੱਟ | 85 |
| ਘੱਟੋ-ਘੱਟ 65 ਫ਼ੀਸਦ ਪਰ 70 ਫ਼ੀਸਦ ਤੋਂ ਘੱਟ | 87.5 |
| ਘੱਟੋ-ਘੱਟ 70 ਫ਼ੀਸਦ ਪਰ 75 ਫ਼ੀਸਦ ਤੋਂ ਘੱਟ | 90 |
| ਘੱਟੋ-ਘੱਟ 75 ਫ਼ੀਸਦ ਪਰ 80 ਫ਼ੀਸਦ ਤੋਂ ਘੱਟ | 92.5 |
| ਘੱਟੋ-ਘੱਟ 80 ਫ਼ੀਸਦ | 95 |

| NAP ਕਵਰੇਜ ਦਾ ਪੱਧਰ | ERP ਕਾਰਕ (ਫ਼ੀਸਦ) |
|---|---|
| ਉਥਲ-ਪੁਥਲਕਾਰੀ ਕਵਰੇਜ | 75 |
| 50 ਫ਼ੀਸਦ | 80 |
| 55 ਫ਼ੀਸਦ | 85 |
| 60 ਫ਼ੀਸਦ | 90 |
| 65 ਫ਼ੀਸਦ | 95 |

ਕੈਲੰਡਰ ਸਾਲ 2020 ਅਤੇ 2021 ਵਿੱਚ ਵਾਪਰੀ ਇੱਕ ਢੁਕਵੀਂ ਤਬਾਹੀ ਦੀ ਘਟਨਾ ਕਰਕੇ ਹੋਏ ਨੁਕਸਾਨ ਦੀ ਰਕਮ ਨੂੰ ਢੁਕਵੇਂ ਫਸਲ ਬੀਮੇ ਜਾਂ NAP ਪਾੱਲਿਸੀ ਰਾਹੀਂ ਪਰਿਭਾਸ਼ਤ ਕੀਤੇ ਗਏ ਨੁਕਸਾਨ ਦੇ ਹੋਰ ਢੁਕਵੇਂ ਕਾਰਣਾਂ ਕਰਕੇ ਹੋਏ ਨੁਕਸਾਨ ਦੀ ਰਕਮ ਤੋਂ ਵੱਖ ਨਹੀਂ ਕੀਤਾ ਜਾ ਸਕਦਾ, ਕਿਉਂਕਿ ERP ਪੜਾਅ 1 ਦਾ ਭੁਗਤਾਨ, ਨੁਕਸਾਨ ਦੇ ਸਾਰੇ ਢੁਕਵੇਂ ਕਾਰਣਾਂ ਕਰਕੇ ਕਾਸ਼ਤਕਾਰ ਦੇ ਨੁਕਸਾਨ ਨੂੰ ਧਿਆਨ ਵਿੱਚ ਰੱਖਦਿਆਂ ਹਿਸਾਬ ਲਾਇਆ ਜਾਏਗਾ।

## ਇਤਿਹਾਸਕ ਤੌਰ 'ਤੇ ਇੰਡੀਅਨ ਕਬੀਲੇ ਦਾ ਮੈਂਬਰ (ਮੂਲ ਕਿਸਾਨ ਜਾਂ ਰੈਂਚਰ)

ਇਤਿਹਾਸਕ ਤੌਰ 'ਤੇ ਇੰਡੀਅਨ ਕਬੀਲੇ ਦਾ ਮੈਂਬਰ (ਮੂਲ ਕਿਸਾਨ ਜਾਂ ਰੈਂਚਰ) ਲਈ ERP ਭੁਗਤਾਨ ਦੀ ਫ਼ੀਸਦ, ਇਸ ਵਿੱਚ ਮੂਲ ਕਿਸਾਨ, ਸੀਮਤ ਸ੍ਰੋਤ, ਸਮਾਜਕ ਤੌਰ 'ਤੇ ਪੱਛੜੇ ਅਤੇ ਪੁਰਾਣੇ ਕਿਸਾਨ ਅਤੇ ਰੈਂਚਰਾਂ ਨੂੰ ERP ਭੁਗਤਾਨ ਦੀ ਫ਼ੀਸਦ ਹਿਸਾਬ ਲਾਏ ਗਏ ਭੁਗਤਾਨ ਦੀ ਰਕਮ 15% ਤੱਕ ਵਧਾਈ ਜਾਏਗੀ।

ਢੁਕਵੇਂ ਪ੍ਰੋਗਰਾਮ ਸਾਲ ਲਈ FSA ਵਾਲ਼ੀ ਫ਼ਾਈਲ ਵਿਚਲੇ **CCC-860 ਫ਼ਾਰਮ ਵਿੱਚ ਭੁਗਤਾਨ ਦੀ ਵੱਧ ਫ਼ੀਸਦ ਲਈ ਯੋਗ ਹੋਣ ਵਾਸਤੇ ਹੱਕਦਾਰ ਕਾਸ਼ਤਕਾਰਾਂ ਵਲੋਂ ਸਮਾਜਕ ਤੌਰ 'ਤੇ ਪੱਛੜੇ, ਸੀਮਤ ਸ੍ਰੋਤ, ਮੂਲ ਅਤੇ ਪੁਰਾਣੇ ਕਿਸਾਨ ਜਾਂ ਰੈਂਚਰ ਸਰਟੀਫ਼ਿਕੇਸ਼ਨ** ਜ਼ਰੂਰ ਹੋਣਾ ਚਾਹੀਦਾ ਹੈ।

## ਭੁਗਤਾਨ ਦੀ ਹੱਦ ਅਤੇ ਤਾਲਮੇਲ ਬਿਠਾਈ ਗਈ ਕੁੱਲ ਆਮਦਨ

ERP ਪੜਾਅ 1 ਲਈ ਭੁਗਤਾਨ ਦੀ ਹੱਦ ਦਾ ਫ਼ੈਸਲਾ ਵਿਅਕਤੀ ਜਾਂ ਕਾਨੂੰਨੀ ਯੂਨਿਟ ਦੀ ਤਾਲਮੇਲ ਬਿਠਾਈ ਗਈ ਖੇਤ ਦੀ ਔਸਤ ਆਮਦਨ (ਖੇਤੀਬਾੜੀ, ਰੈਂਚਿੰਗ ਜਾਂ ਜੰਗਲਾਤ ਨਾਲ ਜੁੜੀਆਂ ਸਰਗਰਮੀਆਂ ਤੋਂ ਆਉਣ ਵਾਲ਼ੀ ਆਮਦਨ) ਨਾਲ ਕੀਤਾ ਜਾਂਦਾ ਹੈ। ਇੱਕ ਪ੍ਰੋਗਰਾਮ ਸਾਲ ਲਈ ਸਾਂਝੇ ਉਦਮ ਜਾਂ ਆਮ ਭਾਈਵਾਲੀ ਤੋਂ ਛੁੱਟ ਵਿਅਕਤੀ ਜਾਂ ਕਾਨੂੰਨੀ ਯੂਨਿਟ ਸਿੱਧੇ ਜਾਂ ਅਸਿੱਥੇ ਤੌਰ 'ਤੇ ERP (ਸੰਯੁਕਤ ਪੜਾਅ 1 ਅਤੇ ਪੜਾਅ 2 ਲਈ) ਹੇਠ ਖ਼ਾਸ ਫਸਲਾਂ ਲਈ ਭੁਗਤਾਨਾਂ ਵਿੱਚ $125,000 ਤੋਂ ਵੱਧ ਅਤੇ ਹੋਰ ਸਾਰੀਆਂ ਫਸਲਾਂ ਲਈ ਭੁਗਤਾਨਾਂ ਵਿੱਚ $125,000 ਪ੍ਰਾਪਤ ਨਹੀਂ ਕਰ ਸਕਦੀ, ਜੇ ਉਹਨਾਂ ਦੀ ਖੇਤ ਤੋਂ ਹੋਣ ਵਾਲ਼ੀ ਤਾਲਮੇਲ ਬਿਠਾਈ ਗਈ ਕੁੱਲ ਔਸਤ (AGI) ਆਮਦਨ, ਪਿਛਲੇ ਸਭ ਤੋਂ ਛੋਹੀ ਮੁਕੰਮਲ ਟੈਕਸ ਸਾਲ ਤੋਂ ਪਿਛਲੇ ਤਿੰਨ ਟੈਕਸ ਸਾਲਾਂ ਦੀ ਔਸਤ AGI ਦੇ 75 ਫ਼ੀਸਦ ਤੋਂ ਘੱਟ ਹੈ।



ਜੇ ਵਿਅਕਤੀ ਜਾਂ ਕਾਨੂੰਨੀ ਯੂਨਿਟ ਦੀ ਔਸਤ AGI ਖੇਤੀਬਾੜੀ ਦੀ ਘੱਟੋ-ਘੱਟ 75% ਆਮਦਨ ਰੈਂਚਿੰਗ ਜਾਂ ਜੰਗਲਾਤ ਸਬੰਧੀ ਸਰਗਰਮੀਆਂ ਤੋਂ ਹੋਈ ਹੈ ਅਤੇ ਹਿੱਸਾ ਲੈਣ ਵਾਲ਼ਾ ਲੋੜੀਂਦੀ ਸਰਟੀਫ਼ਿਕੇਸ਼ਨ ਅਤੇ ਦਸਤਾਵੇਜ਼ ਮੁਹੱਈਆ ਕਰਦਾ ਹੈ, ਜਿਵੇਂ ਕਿ ਹੇਠਾਂ ਵਿਚਾਰ-ਵਟਾਂਦਰਾ ਕੀਤਾ ਗਿਆ ਹੈ, ਸਾਂਝੇ ਉਦਮ ਜਾਂ ਆਮ ਭਾਈਵਾਲੀ ਤੋਂ ਛੁੱਟ ਵਿਅਕਤੀ ਜਾਂ ਕਾਨੂੰਨੀ ਯੂਨਿਟ ਸਿੱਧੇ ਜਾਂ ਅਸਿੱਧੇ ਤੌਰ 'ਤੇ ਹੇਠਾਂ ਦਿੱਤੀ ਰਕਮ ਤੱਕ ਪ੍ਰਾਪਤ ਕਰਨ ਦੀ ਹੱਕਦਾਰ ਹੈ:

- ਖ਼ਾਸ ਫਸਲਾਂ ਲਈ ਹਰ ਪ੍ਰੋਗਰਾਮ ਸਾਲ ਲਈ $900,000; ਅਤੇ
- ਹੋਰ ਸਾਰੀਆਂ ਫਸਲਾਂ ਲਈ ਹਰ ਪ੍ਰੋਗਰਾਮ ਸਾਲ ਲਈ $250,000

ਕਾਸ਼ਤਕਾਰ ਦੀ AGI ਤਿਆਰ ਕਰਨ ਲਈ ਸਬੰਧਿਤ ਟੈਕਸ ਸਾਲ ਅਤੇ ਖੇਤੀਬਾੜੀ, ਰੈਂਚਿੰਗ ਜਾਂ ਸਰਗਰਮੀਆਂ ਸਬੰਧੀ ਜੰਗਲਾਤ ਤੋਂ ਪ੍ਰਾਪਤ ਫ਼ੀਸਦ ਹਨ:

- 2016, 2017 ਅਤੇ 2018 ਲਈ ਪ੍ਰੋਗਰਾਮ ਸਾਲ 2020;
- 2017, 2018 ਅਤੇ 2019 ਲਈ ਪ੍ਰੋਗਰਾਮ ਸਾਲ 2021; ਅਤੇ
- 2018, 2019 ਅਤੇ 2020 ਲਈ ਪ੍ਰੋਗਰਾਮ ਸਾਲ 2022

ਵਧੇ ਹੋਏ ਭੁਗਤਾਨ ਦੀ ਹੱਦ ਲਈ ਬੇਨਤੀ ਕਰਨ ਵਾਸਤੇ, ਹਿੱਸਾ ਲੈਣ ਵਾਲ਼ਿਆਂ ਨੂੰ ਤਾਲਮੇਲ ਬਿਠਾਈ ਗਈ ਆਪਣੇ ਖੇਤ ਤੋਂ ਹੋਈ ਘੱਟੋ-ਘੱਟ 75% ਆਮਦਨ ਲਈ ਹਿੱਸਾ ਲੈਣ ਵਾਲੇ ਦੀ ਸਰਟੀਫ਼ਿਕੇਸ਼ਨ ਅਤੇ ਲਾਇਸੈਂਸਸ਼ੁਦਾ ਪ੍ਰਮਾਣਿਤ ਪਬਲਿਕ ਅਕਾਉਂਟੈਂਟ (CPA) ਜਾਂ ਅਟਾੱਰਨੀ ਤੋਂ ਸਰਟੀਫ਼ਿਕੇਸ਼ਨ ਕਿ ਹਿੱਸਾ ਲੈਣ ਵਾਲ਼ਾ ਸ਼ਰਤਾਂ ਪੂਰੀਆਂ ਕਰਦਾ ਹੈ, ਨਾਲ FSA-510 ਫ਼ਾਰਮ ਜ਼ਰੂਰ ਦਾਇਰ ਕਰਨਾ ਚਾਹੀਦਾ ਹੈ। ਹੋਰ ਜਾਣਨ ਲਈ **ਭੁਗਤਾਨ ਦੀ ਯੋਗਤਾ ਅਤੇ ਭੁਗਤਾਨ ਦੀਆਂ ਹੱਦਾਂ ਸਬੰਧੀ** ਵੈਬਸਾਈਟ 'ਤੇ ਜਾਓ।

## ਭਵਿੱਖ ਲਈ ਬੀਮਾ ਕਵਰੇਜ ਦੀਆਂ ਸ਼ਰਤਾਂ

ਜਿਵੇਂ ਕਿ ਸਕੱਤਰ ਵਲੋਂ ਨਿਰਧਾਰਿਤ ਕੀਤਾ ਗਿਆ ਹੈ, ਸਾਰੇ ਕਾਸ਼ਤਕਾਰ, ਜੋ ERP ਪੜਾਅ 1 ਭੁਗਤਾਨ ਲੈ ਰਹੇ ਹਨ, ਇਹਨਾਂ ਵਿੱਚ ਉਹ ਭੁਗਤਾਨ ਵੀ ਸ਼ਾਮਿਲ ਹਨ, ਜੋ ਦਰਖ਼ਤ, ਝਾੜੀ ਜਾਂ ਅੰਗੂਰ ਦੀ ਫਸਲ ਸਬੰਧੀ ਪਾੱਲਿਸੀਆਂ ਤੋਂ ਪ੍ਰਾਪਤ ਕੀਤੇ ਜਾ ਰਹੇ ਹਨ, ਜਿਹਨਾਂ ਲਈ ਫਸਲ ਬੀਮਾ ਖ਼ਰੀਦਣਾ ਕਾਨੂੰਨੀ ਤੌਰ 'ਤੇ ਜ਼ਰੂਰੀ ਹੈ ਜਾਂ NAP ਕਵਰੇਜ, ਜਿੱਥੇ ਅਗਲੇ ਦੋ ਉਪਲਬਧ ਫਸਲ ਸਾਲਾਂ ਲਈ ਫਸਲ ਦਾ ਬੀਮਾ ਉਪਲਬਧ ਨਹੀਂ ਹੈ। ਜਿਵੇਂ ਕਿ ਲਾਗੂ ਹੋ ਸਕਦਾ ਹੈ, ਹਿੱਸਾ ਲੈਣ ਵਾਲ਼ਿਆਂ ਨੂੰ ਫਸਲ ਬੀਮਾ ਜਾਂ NAP ਜ਼ਰੂਰ ਲੈਣਾ ਚਾਹੀਦਾ ਹੈ:

- ਬੀਮੇ ਵਾਲ਼ੀਆਂ ਫਸਲਾਂ ਲਈ ਕਵਰੇਜ ਦੀ ਪੱਧਰ ਦੇ ਬਰਾਬਰ ਜਾਂ 60% ਤੋਂ ਵੱਧ; ਜਾਂ
- NAP ਫਸਲਾਂ ਲਈ ਉਥਲ-ਪੁਥਲਕਾਰੀ ਪੱਧਰ ਜਾਂ ਵੱਧ 'ਤੇ

ਕਾਸ਼ਤਕਾਰ ਨੂੰ ERP ਭੁਗਤਾਨ ਮਿਲਣ ਦੀ ਤਾਰੀਖ਼ ਤੋਂ ਕਵਰੇਜ ਦੀਆਂ ਸ਼ਰਤਾਂ ਤੈਅ ਕੀਤੀਆਂ ਜਾਣਗੀਆਂ ਅਤੇ ਫਸਲ ਬੀਮੇ ਦੇ ਸਮੇਂ ਅਤੇ ਉਪਲਬਧਤਾ ਜਾਂ ਕਾਸ਼ਤਕਾਰ ਦੀਆਂ ਖ਼ਾਸ ਫਸਲਾਂ ਲਈ NAP ਦੇ ਅਧਾਰ 'ਤੇ ਇਹ ਵੱਖ ਹੋ ਸਕਦਾ ਹੈ। ਫਸਲ ਬੀਮਾ ਖ਼ਰੀਦਣ ਲਈ ਅੰਤਮ ਫਸਲ ਸਾਲ ਜਾਂ ਇਹ ਸ਼ਰਤ ਪੂਰੀ ਕਰਨ ਲਈ ਕਵਰੇਜ ਦਾ ਦੂਜਾ ਸਾਲ ਪੂਰਾ ਕਰਨ ਲਈ NAP ਕਵਰੇਜ 2026 ਫਸਲ ਸਾਲ ਹੈ।

## ਐਮਰਜੈਂਸੀ ਰਾਹਤ - ਪੜਾਅ 2 (ਫਸਲ ਅਤੇ ਪਸ਼ੂ-ਪਾਲਕ)

ਫਸਲ (ERP) ਅਤੇ ਪਸ਼ੂਆਂ (ELRP) ਸਬੰਧੀ ਪ੍ਰੋਗਰਾਮ ਦੋਹਾਂ ਦਾ ਦੂਜਾ ਪੜਾਅ ਖੱਪਿਆਂ ਨੂੰ ਭਰੇਗਾ ਅਤੇ ਉਹਨਾਂ ਕਾਸ਼ਤਕਾਰਾਂ ਨੂੰ ਸ਼ਾਮਿਲ ਕਰੇਗਾ, ਜੋ ਹਿੱਸਾ ਨਹੀਂ ਲੈਂਦੇ ਜਾਂ ਜਿਹਨਾਂ ਨੂੰ ਮੌਜੂਦਾ ਪ੍ਰੋਗਰਾਮਾਂ ਰਾਹੀਂ ਭੁਗਤਾਨ ਨਹੀਂ ਮਿਲਦੇ, ਜਿਹਨਾਂ ਨੂੰ ਪੜਾਅ 1 ਲਾਗੂ ਕਰਨ ਲਈ ਕੰਟਰੋਲ ਕੀਤਾ ਜਾ ਰਿਹਾ ਹੈ। ਸਾਰੀ ERP ਜਾਣਕਾਰੀ ਅਤੇ ਸ੍ਰੋਤਾਂ ਨੂੰ ਐਮਰਜੈਂਸੀ ਰਾਹਤ ਵੈਬਸਾਈਟ 'ਤੇ ਅਪਡੇਟ ਕੀਤਾ ਜਾਏਗਾ, ਕਿਉਂਕਿ ਪੜਾਅ 2 ਦੀਆਂ ਪਾੱਲਿਸੀਆਂ ਅਤੇ ਪ੍ਰਬੰਧ ਉਪਲਬਧ ਹਨ।